ISSN: 2584-0509


# ਸੁਰਜੀਤ ਪਾਤਰ ਦਾ ਪੰਜਾਬੀ ਸਾਹਿਤ ਖੇਤਰ ਵਿੱਚ ਯੋਗਦਾਨ



ਡਾ. ਅੰਜੂ ਬਾਲਾ
ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ
ਪੀ. ਸੀ. ਐਮ. ਐੱਸ. ਡੀ.
ਕਾਲਜ ਫ਼ਾਰ ਵੂਮੈਨ,
ਜਲੰਧਰ
+91 94636-40022

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸੁਰਜੀਤ ਪਾਤਰ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸ਼ਿੱਦਤ ਨਾਲ ਚਾਹੁਣ ਅਤੇ ਸਤਿਕਾਰਨ ਵਾਲੇ ਇਕ ਮਸ਼ਹੂਰ ਸ਼ਾਇਰ, ਕਵੀ ਅਤੇ ਗਜ਼ਲਕਾਰ ਸਨ। ਸੁਰਜੀਤ ਪਾਤਰ ਦਾ ਜਨਮ ਜਿਲਾ ਜਲੰਧਰ ਦੇ ਪਿੰਡ ਪੱਤੜ ਕਲਾਂ ਵਿਖੇ ਪਿਤਾ ਸ. ਹਰਭਜਨ ਸਿੰਘ ਦੇ ਘਰ ਮਾਤਾ ਗੁਰਬਖਸ਼ ਕੌਰ ਦੀ ਕੁੱਖੋਂ 14 ਜਨਵਰੀ, 1945 ਈ. ਨੂੰ ਹੋਇਆ। ਉਨ੍ਹਾਂ ਨੇ ਆਪਣੇ ਪਿੰਡ ਤੋਂ ਹੀ ਸਕੂਲੀ ਵਿੱਦਿਆ ਦਾ ਸਫ਼ਰ ਆਰੰਭ ਕੀਤਾ ਅਤੇ ਪੜ੍ਹਾਈ ਦੇ ਖੇਤਰ ਵਿੱਚ ਅੱਗੇ ਵਧਦੇ ਹੋਇਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਮ.ਏ (ਪੰਜਾਬੀ) ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀਐੱਚ.ਡੀ ਦੀ ਡਿਗਰੀ ਹਾਸਿਲ ਕੀਤੀ। ਸੁਰਜੀਤ ਪਾਤਰ ਨੇ ਉੱਚ ਵਿੱਦਿਆ ਹਾਸਿਲ ਕਰਨ ਤੋਂ ਬਾਅਦ ਬਾਬਾ ਬੁੱਢਾ ਕਾਲਜ, ਬੀੜ ਸਾਹਿਬ ਵਿਖੇ ਅਧਿਆਪਕ ਵਜੋਂ ਕਾਰਜ ਆਰੰਭ ਕੀਤਾ। ਇਸ ਉਪਰੰਤ ਉਨ੍ਹਾਂ ਨੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਅਧਿਆਪਨ ਸੇਵਾਵਾਂ ਦਿੱਤੀਆਂ ਅਤੇ ਬਤੌਰ ਪੰਜਾਬੀ ਪ੍ਰੋਫ਼ੈਸਰ ਸੇਵਾ ਮੁਕਤ ਹੋਏ। ਉਨ੍ਹਾਂ ਨੇ ਜੀਵਨ ਭਰ ਮਾਂ-ਬੋਲੀ ਪੰਜਾਬੀ ਦੀ ਰੂਹ ਤੋਂ ਸੇਵਾ ਕੀਤੀ ਅਤੇ ਪੰਜਾਬੀ ਭਾਸ਼ਾ ਦਾ ਨਾਮ ਰੌਸ਼ਨ ਕਰਨ ਵਿੱਚ ਬਹੁਮੱਲਾ ਯੋਗਦਾਨ ਪਾਇਆ। ਇਸ ਖੋਜ ਪਰਚੇ ਵਿੱਚ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਸ਼ੇਸ਼ ਮੁਕਾਮ ਹਾਸਿਲ ਕਰਨ ਵਾਲੇ ਸਿਰਮੌਰ ਲੇਖਕ ਸੁਰਜੀਤ ਪਾਤਰ ਵੱਲੋਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਨੂੰ ਆਧਾਰ ਬਣਾਕੇ ਕੀਤੀ ਗਈ ਸਾਹਿਤਕ ਸਿਰਜਣਾ ਨੂੰ ਕੇਂਦਰ ਬਿੰਦੂ ਵਜੋਂ ਰੱਖਿਆ ਗਿਆ ਹੈ ਅਤੇ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਨੂੰ ਵਿਕਸਿਤ ਕਰਨ ਵਿੱਚ ਦਿੱਤੇ ਵੱਡਮੁੱਲੇ ਯੋਗਦਾਨ ਸੰਬੰਧੀ ਪਾਠਕਾਂ ਨੂੰ ਜਾਣੂ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਜੋ ਕਿ ਨਿਮਨ ਅਨੁਸਾਰ ਹੈ:-

## ਕਵਿਤਾ ਦੇ ਖੇਤਰ ਵਿੱਚ ਯੋਗਦਾਨ

ਸੁਰਜੀਤ ਪਾਤਰ ਬਹੁਤ ਸੰਵੇਦਨਸ਼ੀਲ ਅਤੇ ਦਾਰਸ਼ਨਿਕ ਸੁਰ ਵਾਲੇ ਕਵੀ ਸਨ। ਕੋਮਲਚਿੱਤ ਸੁਰਜੀਤ ਪਾਤਰ ਨੇ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਲੇਖਣੀ ਦਾ ਕਾਰਜ ਆਰੰਭ ਕੀਤਾ। ਉਨ੍ਹਾਂ ਦੀ ਭਾਵਾਂ ਦੀ ਚੋਣ, ਕਾਵਿਕ ਸੂਝ-ਬੂਝ ਅਤੇ ਭਾਵਾਂ ਦੀ ਅਭਿਵਅਕਤੀ ਦਾ ਕਲਾਤਮਕ ਢੰਗ ਪਾਠਕਾਂ ਨੂੰ ਮੋਹ ਲੈਂਦਾ ਹੈ। ਉਨ੍ਹਾਂ ਨੇ ਕਵਿਤਾ ਦੀ


www.khojnama.com khojnamapb03@gmail.com

ਸਿਰਜਣਾ ਕਰਦਿਆਂ 'ਹਵਾ ਵਿੱਚ ਲਿਖੇ ਹਰਫ਼' (1979), 'ਬਿਰਖ ਅਰਜ਼ ਕਰੇ' (1992), 'ਹਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ'(1992), 'ਲਫ਼ਜ਼ਾਂ ਦੀ ਦਰਗਾਹ' (1999), 'ਸੁਰ-ਜ਼ਮੀਨ' (2007), ਪੱਤਝੜ ਦੀ ਪਾਜ਼ੇਬ' (2017), 'ਚੰਨ ਸੂਰਜ ਦੀ ਵਹਿੰਗੀ' (2017) ਆਦਿ ਕਾਵਿ ਰਚਨਾਵਾਂ ਪਾਠਕ ਵਰਗ ਦੀ ਝੋਲੀ ਪਾਈਆਂ।

ਸੁਰਜੀਤ ਪਾਤਰ ਦੀਆਂ ਕਾਵਿ ਰਚਨਾਵਾਂ ਨੂੰ ਜੇਕਰ ਵਿਸ਼ੇ ਦੇ ਤੌਰ ਦੇ ਪਰਖਣ ਦਾ ਯਤਨ ਕਰੀਏ ਤਾਂ ਇਸ ਵਿੱਚ ਸਮਾਜਿਕ, ਰਾਜਨੀਤਿਕ, ਆਰਥਿਕ, ਮਨੋਵਿਗਿਆਨਕ ਆਦਿ ਸਰੋਕਾਰਾਂ ਦੀ ਪੇਸ਼ਕਾਰੀ ਹੋਈ ਹੈ। ਉਸ ਦੀਆਂ ਕਵਿਤਾਵਾਂ ਵਿੱਚ ਪੰਜਾਬ ਸੰਕਟ, ਬੇਰੋਜ਼ਗਾਰੀ ਕਾਰਨ ਬੇਗਾਨੀ ਧਰਤੀ ਤੇ ਰੋਜ਼ੀ ਰੋਟੀ ਲਈ ਜੀਵਨ ਗੁਜਾਰਨ ਵਾਲੇ ਪਰਦੇਸੀਆਂ ਅੰਦਰਲਾ ਝੂ-ਹੇਰਵਾ, ਤਕਨੀਕੀ ਵਿਕਾਸ ਕਾਰਨ ਮਨੁੱਖੀ ਜਿੰਦਗੀ ਅਤੇ ਸਮਾਜ ਵਿੱਚ ਆ ਰਹੇ ਬਦਲਾਅ, ਸਮਾਜਿਕ ਰਸਮਾਂ-ਰਿਵਾਜਾਂ ਦੀ ਜਕੜਬੰਦੀ ਵਿੱਚ ਘਿਰੇ ਪ੍ਰੇਮ ਸੰਬੰਧ, ਮਨੁੱਖ ਦਾ ਖੰਡਿਤ ਆਪਾ ਅਤੇ ਮਨੁੱਖੀ ਮਾਨਸਿਕਤਾ ਦੀ ਦਵੰਦਾਤਮਕ ਸਥਿਤੀ ਆਦਿ ਵਿਸ਼ੇ ਛੋਹੇ ਗਏ ਹਨ। ਉਹ ਜਿੱਥੇ ਇਨ੍ਹਾਂ ਵਿfਸ਼ਆਂ ਪ੍ਰਤੀ ਵਧੇਰੇ ਗੰਭੀਰਤਾ ਨਾਲ ਸੋਚਦੇ ਸਨ, ਉੱਥੇ ਹੀ ਇਨ੍ਹਾਂ ਪ੍ਰਤੀ ਬਹੁਗਿਣਤੀ ਲੋਕਾਂ ਵਿੱਚ ਚੇਤਨਤਾ ਪੈਦਾ ਕਰਨ ਦਾ ਯਤਨ ਵੀ ਕਰਦੇ ਸਨ। ਸੱਚ ਤਾਂ ਇਹ ਹੈ ਕਿ ਪਾਤਰ ਦੀਆਂ ਕਵਿਤਾਵਾਂ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਰਿਹਾ। ਇਸ ਵਿਚਾਰ ਦੀ ਪੁਸ਼ਟੀ ਕਰਦੇ ਸਤਨਾਮ ਰੰਧਾਵਾ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ:

"ਉਸ ਦੀ ਕਵਿਤਾ ਦਾ ਵਿਸ਼ਾ ਹਰ ਉਹ ਖੇਤਰ, ਧੁਰਾ, ਯਥਾਰਥ, ਕਮਜ਼ੋਰੀ, ਦੁਬਿਧਾ ਹੈ ਜਿਹੜੀ ਮਨੁੱਖ ਨੂੰ ਨਿਰਾਸ਼ ਤੇ ਉਦਾਸ ਕਰ ਸਕਦੀ ਹੈ"।[1]

'ਹਵਾ ਵਿੱਚ ਲਿਖੇ ਹਰਫ਼' ਪਾਤਰ ਦੀ ਪਲੇਠੀ ਕਾਵਿ-ਰਚਨਾ ਅਥਵਾ ਗਜ਼ਲ ਸੰਗ੍ਰਹਿ ਹੈ। ਇਸ ਗਜ਼ਲ ਸੰਗ੍ਰਹਿ ਨੇ ਪਾਤਰ ਨੂੰ ਕਾਮਯਾਬੀ ਦੀਆਂ ਪਉੜੀਆਂ ਚੜਾਈਆਂ ਅਤੇ ਉਸ ਦਾ ਨਾਮ ਦੇਸ਼ ਦੇ ਉੱਚ ਕੋਟੀ ਦੇ ਕਵੀਆਂ ਵਿੱਚ ਸ਼ਾਮਿਲ ਹੋ ਗਿਆ। ਇਸ ਗਜ਼ਲ ਸੰਗ੍ਰਹਿ ਵਿੱਚ ਕੁੱਲ 51 ਗਜ਼ਲਾਂ ਹਨ। ਜਿਨ੍ਹਾਂ ਵਿਚੋਂ 'ਕੁਛ ਕਿਹਾ ਤਾਂ…'ਗਜ਼ਲ ਸਭ ਤੋਂ ਵੱਧ ਮਕਬੂਲ ਹੋਈ ਅਤੇ ਅੱਜ ਵੀ ਇਹ ਗਜ਼ਲ ਸ਼ਾਇਰਾਂ/ਕਵੀਆਂ ਦੀ ਮਹਿਫਲ ਵਿੱਚ ਗਾਈ ਜਾਂਦੀ ਹੈ। ਇਨ੍ਹਾਂ ਗਜ਼ਲਾਂ ਦੇ ਰਾਹੀਂ ਪਾਤਰ ਨੇ ਗਜ਼ਲ ਵਿਧਾ ਨੂੰ ਇਕ ਨਵਾਂ ਅਰਥ ਦਿੱਤਾ। ਉਸ ਨੇ ਗਜ਼ਲ ਨੂੰ ਔਰਤਾਂ ਜਾਂ ਮਹਿਬੂਬ ਨਾਲ ਇਸ਼ਕ ਦੀਆਂ ਗੱਲਾਂ ਕਰਨ ਦੇ ਸ਼ਾਬਦਿਕ ਅਰਥਾਂ ਤੋਂ ਪਰਾਂ ਲੈਜਾਕੇ ਹੋਰ ਵਧੇਰੇ ਵਿਸਥਾਰ ਦਿੱਤਾ। ਪਹਿਲਾਂ ਗਜ਼ਲਾਂ

ਵਿੱਚ ਜਿੱਥੇ ਪਿਆਰ, ਮੁਹੱਬਤ, ਵਫਾ, ਬੇਵਫਾਈ, ਦੁੱਖ ਆਦਿ ਨੂੰ ਪ੍ਰਗਟਾਇਆ ਜਾਂਦਾ ਰਿਹਾ ਉੱਥੇ ਪਾਤਰ ਨੇ ਆਪਣੀਆਂ ਗਜ਼ਲਾਂ ਰਾਹੀਂ ਸਮਾਜ ਅਤੇ ਸਮਾਜਿਕ, ਰਾਜਨੀਤਿਕ ਤੇ ਆਰਥਿਕ ਕੁਰੀਤੀਆਂ ਦੀ ਵਿਅੰਗਮਈ ਤਸਵੀਰ ਵੀ ਪੇਸ਼ ਕੀਤੀ ਹੈ। ਉਸ ਨੇ ਗਜ਼ਲ ਨੂੰ ਰੋਮਾਂਟਿਕ ਬਿਰਤੀ ਤੋਂ ਪਰ੍ਹਾਂ ਕਰਕੇ ਹਕੀਕਤ ਨਾਲ ਜੋੜਨ ਦਾ ਨਵਾਂ ਉਪਰਾਲਾ ਕੀਤਾ।ਉਦਾਹਰਣ ਵਜੋਂ:

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ।[2]

ਇੰਜ ਉਪਰੋਕਤ ਉਦਾਹਰਣ ਤੋਂ ਅਸੀਂ ਪਾਤਰ ਦੀ ਕਵਿਤਾ ਵਿਚਲੀ ਵਿਅੰਗਾਤਮਕ ਸੁਰ ਨੂੰ ਪਛਾਣ ਸਕਦੇ ਹਾਂ ਭਾਵ ਕਿ ਇਨ੍ਹਾਂ ਸਤਰਾਂ ਵਿੱਚ ਉਸਨੇ ਸਾਡੇ ਦੇਸ਼ ਦੀ ਕਾਨੂੰਨ ਵਿਵਸਥਾ ਨੂੰ ਭੰਡਿਆ ਹੈ ਜਿਸ ਦੇ ਅੰਤਰਗਤ ਲੋਕ ਆਪਣੇ ਹੱਕ ਵਿੱਚ ਫੈਸਲੇ ਸੁਣਨ ਲਈ ਸਾਲਾਂਬੱਧੀ ਉਡੀਕ ਕਰਦੇ ਅਤੇ ਆਪਣਾ ਕੀਮਤੀ ਸਮਾਂ ਨਸ਼ਟ ਕਰਦੇ ਹਨ। ਪਾਤਰ ਸਾਡੇ ਦੇਸ਼ ਦੀ ਨਿਆਂ ਪ੍ਰਣਾਲੀ ਵੱਲੋਂ ਲੋਕਾਂ ਦੇ ਮੁਕੱਦਮਿਆਂ ਨੂੰ ਲਟਕਾਈ ਰੱਖਣ ਅਤੇ ਸਮੇਂ ਸਿਰ ਸੁਣਵਾਈ ਨਾ ਕਰਨ ਵਾਲੀ ਘਟੀਆ ਕਾਰਗੁਜਾਰੀ ਦੀ ਅਸਲ ਤਸਵੀਰ ਪਾਠਕਾਂ ਸਾਹਮਣੇ ਲੈਕੇ ਆਉਂਦਾ ਹੈ ਅਤੇ ਲੋਕਾਂ ਨੂੰ ਆਪਣਾ ਕੀਮਤੀ ਸਮਾਂ ਅਦਾਲਤਾਂ ਵਿੱਚ ਵਿਅਰਥ ਗੁਆਉਣ ਦੀ ਬਜਾਇ ਆਪਣੇ ਘਰਾਂ ਨੂੰ ਮੁੜ ਜਾਣ ਦੀ ਸਲਾਹ ਦਿੰਦਾ ਹੋਇਆ ਸੁਚੇਤ ਵੀ ਕਰਦਾ ਹੈ।

'ਹਵਾ ਵਿੱਚ ਲਿਖੇ ਹਰਫ਼' ਕਾਵਿ ਸੰਗ੍ਰਹਿ ਵਿੱਚ ਦਰਜ ਪਾਤਰ ਦੀਆਂ ਗਜ਼ਲਾਂ ਵਿੱਚੋਂ ਮਨੁੱਖੀ ਜਿੰਦਗੀ ਦੇ ਯਥਾਰਥ ਪ੍ਰਤੀ ਨਿਰਾਸ਼ਾ ਪ੍ਰਗਟ ਹੋਣ ਦੇ ਨਾਲ ਨਾਲ ਉਸਦਾ ਆਸ਼ਾਵਾਦੀ ਦ੍ਰਿਸ਼ਟੀਕੋਣ ਵੀ ਸਪਸ਼ਟ ਦਿਖਾਈ ਦਿੰਦਾ ਹੈ। ਜੇਕਰ ਉਹ ਜੀਵਨ ਦੇ ਕੌੜੇ ਸੱਚ ਬਾਰੇ ਜਾਣਕੇ ਨਿਰਾਸ਼ ਹੁੰਦਾ ਹੈ ਤਾਂ ਉਸ ਨੂੰ ਭਵਿੱਖ ਵਿੱਚ ਦੁਬਾਰਾ ਚੰਗਾ ਵਾਪਰਨ ਦੀ ਆਸ ਵੀ ਹੁੰਦੀ ਹੈ। ਉਦਾਹਰਨ:

ਬਲਦਾ ਬਿਰਖ ਹਾਂ, ਖਤਮ ਹਾਂ, ਬਸ ਸ਼ਾਮ ਤੀਕ ਹਾਂ
ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ।[3]

ਇਸ ਉਪਰੰਤ ਸੁਰਜੀਤ ਪਾਤਰ ਨੇ 1992 ਈ. ਵਿੱਚ 'ਬਿਰਖ ਅਰਜ਼ ਕਰੇ' ਕਾਵਿ ਰਚਨਾ ਨੂੰ ਪ੍ਰਕਾਸ਼ਿਤ ਕਰਵਾਇਆ ਜੋ ਕਿ ਕਵਿਤਾ, ਗੀਤਾਂ ਅਤੇ ਗਜ਼ਲਾਂ ਦਾ ਉੱਤਮ ਸੰਗ੍ਰਹਿ ਹੈ। ਇਸ ਰਚਨਾ ਵਿੱਚ ਸ਼ਾਮਿਲ 57 ਰਚਨਾਵਾਂ ਵਿਚੋਂ 'ਸੁੰਨੇ ਸੁੰਨੇ ਰਾਹਾਂ ਵਿੱਚ' ਰਚਨਾ ਨੂੰ ਮਸ਼ਹੂਰ ਪੰਜਾਬੀ ਗਾਇਕ ਹੰਸ ਰਾਜ ਹੰਸ ਵੱਲੋਂ ਗਾਇਆ ਗਿਆ ਅਤੇ ਇਹ ਗੀਤ ਸੰਗੀਤ ਪ੍ਰੇਮੀਆਂ ਦੇ ਚੇਤਿਆਂ ਵਿੱਚ ਅੱਜ ਵੀ ਤਰੋਤਾਜ਼ਾ ਹੈ। ਇਸ ਸੰਗ੍ਰਹਿ ਵਿੱਚ ਪਾਤਰ ਦੇ ਦਰਦ, ਉਦਾਸੀ, ਦੁੱਖ ਆਦਿ ਦੇ ਭਾਵ ਉਜਾਗਰ ਹੁੰਦੇ ਹਨ। ਉਸ ਦੀਆਂ ਕਵਿਤਾਵਾਂ 'ਸੁੰਨੇ ਸੁੰਨੇ ਰਾਹਾਂ ਵਿੱਚ', 'ਰੋਣ ਸੌ ਸਾਰੰਗੀਆਂ', 'ਕੋਈ ਦਸਤਾਰ ਰਤ ਲਿਬੜੀ', 'ਇਕ ਲਰਜ਼ਦਾ ਨੀਰ ਸੀ'ਆਦਿ ਉਸ ਦੀ ਕਾਵਿਕਤਾ ਦਾ ਉੱਤਮ ਨਮੂਨਾ ਹਨ। ਇੰਜ ਹੀ ਸੁਰਜੀਤ ਪਾਤਰ ਨੇ ਸੰਨ 1992 ਵਿੱਚ ਹੀ 'ਹਨ੍ਹੇਰੇ ਵਿੱਚ ਸੁਲਗਦੀ ਵਰਣਮਾਲਾ' ਕਾਵਿ ਸੰਗ੍ਰਹਿ ਦੀ ਰਚਨਾ ਕੀਤੀ ਜਿਸਨੂੰ 1993 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ। ਇਸ ਸੰਗ੍ਰਹਿ ਵਿੱਚ ਲਗਪਗ 70 ਦੇ ਕਰੀਬ ਕਵਿਤਾਵਾਂ ਦਰਜ ਹਨ ਜਿਨ੍ਹਾਂ ਵਿੱਚ 'ਹੁਣ ਘਰਾਂ ਨੂੰ ਪਰਤਣਾ', ਚੌਂਕ ਸ਼ਹੀਦਾਂ 'ਚ ਉਸਦਾ ਆਖ਼ਰੀ ਭਾਸ਼ਨ', 'ਪਿਤਾ ਦੀ ਅਰਦਾਸ', 'ਮੌਤ', 'ਦੋ ਰੁੱਖਾਂ ਦੀ ਗੁਫ਼ਤਗੂ', 'ਉਦਾਸ ਦਿਨ', 'ਘਰਰ ਘਰਰ'ਆਦਿ ਸ਼ਾਮਿਲ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਬੀਤੇ ਹੋਏ ਕਲ ਅਤੇ ਵਰਤਮਾਨ ਨੂੰ ਲੈ ਕੇ ਮਨੁੱਖੀ ਮਾਨਸਿਕਤਾ ਵਿੱਚ ਚੱਲ ਰਹੇ ਦਵੰਦ ਨੂੰ ਪ੍ਰਗਟਾਇਆ ਗਿਆ ਹੈ। ਸਮਾਜ ਦੀਆਂ ਕੁਰੀਤੀਆਂ ਨੂੰ ਪ੍ਰਗਟਾਉਂਦਿਆਂ ਸੁਰਜੀਤ ਪਾਤਰ ਦੀ ਕਵਿਤਾ ਵਿੱਚ ਉਦਾਸੀ ਦਾ ਸੁਰ ਵੀ ਵਧੇਰੇ ਨਜ਼ਰ ਆਉਂਦਾ ਹੈ। ਉਦਾਹਰਣ:

ਚਲੋ ਯਾਰੋ ਕਿ ਹੁਣ ਇਹ ਚੌਂਕ ਛੱਡੀਏ
ਕਿ ਹੁਣ ਇਹ ਚੌਂਕ ਚੌਰਸਤਾ ਨਹੀਂ ਹੈ
ਹੁੰਦਾ ਸੀ, ਜਦੋਂ ਸਰਬੰਸ ਜੀਂਦਾ ਸੀ
ਜਦੋਂ ਨੀਂਹਾਂ 'ਚ ਪੱਥਰ ਚਿਣੇ ਜਾਇਆ ਕਰਦੇ ਸਨ
ਪੁੱਤਰ ਨਹੀਂ
............................
ਹੁਣ ਮਾਸੂਮੀਅਤ ਕੀ ਹੈ?
ਸਾਈਡਪੋਜ਼ ਹੈ ਗੋਲੇ ਕਬੂਤਰ ਦਾ
ਜਾਂ ਬੁੱਤ ਦੀ ਦਸਤਾਵੇਜ਼ੀ ਮੁਸਕਰਾਹਟ ਹੈ

ਸ਼ਹਿਰ ਨੂੰ ਚੋਰ ਲੋਰੀ ਦੇ ਰਹੇ ਨੇ
ਛਲੇਡਾ ਫੁੱਲ ਬਣਿਆ ਹੈ
ਤੇ ਲੂੰਬੜ ਨੂੰ ਚੋਣ ਨਿਸ਼ਾਨ ਲੇਲਾ ਮਿਲ ਗਿਆ ਹੈ ......[4]

'ਲਫ਼ਜ਼ਾਂ ਦੀ ਦਰਗਾਹ'ਸੁਰਜੀਤ ਪਾਤਰ ਦੀ ਇਕ ਹੋਰ ਉੱਤਮ ਰਚਨਾ ਹੈ ਜਿਸ ਲਈ ਉਸ ਨੂੰ ਸਰਸਵਤੀ ਸਨਮਾਨ ਨਾਲ ਨਿਵਾਜਿਆ ਗਿਆ। ਇਸ ਕਾਵਿ ਸੰਗ੍ਰਹਿ ਦਾ ਪਹਿਲਾ ਪ੍ਰਕਾਸ਼ਨ 1999 ਵਿੱਚ ਹੋਇਆ ਅਤੇ ਹੁਣ ਤਕ ਇਸ ਦੇ ਨੌ ਐਡੀਸ਼ਨ ਛੱਪ ਚੁੱਕੇ ਹਨ। ਇਸ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਬਾਰੇ ਕਵੀਤਰੀ ਸੁਖਵਿੰਦਰ ਅੰਮ੍ਰਿਤ ਦੇ ਵਿਚਾਰ ਹਨ:

"...ਇਸ ਵਿੱਚ ਸੱਭਿਅਤਾ ਤੇ ਕੁਦਰਤ ਦੀ ਕਸ਼ਮਕਸ਼ ਪੂਰੀ ਸ਼ਿੱਦਤ ਨਾਲ ਪ੍ਰਗਟ ਹੋਈ ਹੈ। ਇਨ੍ਹਾਂ ਕਵਿਤਾਵਾਂ ਵਿੱਚ ਸੱਭਿਅਤਾ ਦੇ ਕਿਨਾਰਿਆਂ ਵਿੱਚਕਾਰ ਤੜਪਦੇ ਸਮੁੰਦਰ ਦੀ ਬੇਚੈਨੀ ਹੈ, ਉਸ ਇਨਸਾਨੀਅਤ ਦਾ ਦਰਦ ਹੈ ਜਿਹੜੀ ਜਦੋਂ ਆਪਣੀਆਂ ਖੁਸ਼ੀਆਂ ਮਗਰ ਜਾਂਦੀ ਹੈ ਤਾਂ ਉਸ ਨੂੰ ਆਪਣੇ ਪੈਰਾਂ ਹੇਠ ਮਿੱਧ ਹੁੰਦੀਆਂ ਦੂਸਰਿਆਂ ਦੀਆਂ ਖੁਸ਼ੀਆਂ ਦਾ ਅਹਿਸਾਸ ਸਤਾਉਂਦਾ ਹੈ"।[5]

'ਲਫ਼ਜ਼ਾਂ ਦੀ ਦਰਗਾਹ'ਕਾਵਿ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਵਿੱਚ ਜੰਗ ਦੇ ਮਾਰੂ ਪ੍ਰਭਾਵ, ਅਗਿਆਨਤਾ, ਉਦਾਸੀ, ਦੁੱਖ, ਆਸ਼ਾ-ਨਿਰਾਸ਼ਾ, ਬਿਰਹੋ, ਮਨੁੱਖ ਦੀ ਘਟੀਆ ਪਰਵਿਰਤੀ ਆਦਿ ਭਾਵ ਉਜਾਗਰ ਹੋਏ ਹਨ। ਜਿਵੇਂ ਜੰਗ ਦੇ ਮਾਰੂ ਪ੍ਰਭਾਵ ਉਸ ਦੀ ਕਵਿਤਾ 'ਜੰਗ' ਵਿਚੋਂ ਪ੍ਰਗਟ ਹੁੰਦੇ ਹਨ:

ਟੁੱਟੀਆਂ ਵੰਗਾਂ ਦਾ ਤਾਜਰ ਕਰਦੇ ਨੇ ਵਿਉਪਾਰ ਵੀ
ਬਣਦੀਆਂ ਲਾਸ਼ਾਂ ਬੜੇ ਲੋਕਾਂ ਲਈ ਰੁਜ਼ਗਾਰ ਵੀ
ਜੰਗ ਹੈ ਸਾਡੇ ਲਈ ਮਾਤਮ ਗ਼ਰੀਬੀ ਮਾਰ ਵੀ
ਜੰਗ ਹੈ ਨੇਤਾਗਿਰੀ ਹਾਕਮ ਲਈ ਤਿਉਹਾਰ ਵੀ
..........................................
ਜੰਗ ਜਦ ਲਗਦੀ ਤਾਂ ਮਰਦੇ ਨਾ ਸਿਰਫ਼ ਇਨਸਾਨ ਹੀ
ਮਰਦੀ ਹੈ ਇਨਸਾਨੀਅਤ ਵੀ, ਦੋਸਤੀ ਵੀ, ਪਿਆਰ ਵੀ
ਲਾਮ ਤੇ ਜਾਂਦੇ ਤਾਂ ਮਰਦੇ ਪਰ ਸਿਰਫ਼ ਓਹੀ ਨਹੀਂ
ਪਿਛਲਿਆਂ ਨੂੰ ਮਾਰਦੀ ਹੈ ਹਿਜਰ ਦੀ ਤਲਵਾਰ ਵੀ

ਆਪਣੇ ਮੋਢੇ ਤੇ ਜ਼ਖ਼ਮੀ ਸਾਥੀਆਂ ਦਾ ਹੀ ਨਹੀਂ
ਚੱਕਣਾ ਪੈਂਦਾ ਹੈ ਮੋਈ ਆਤਮਾ ਦਾ ਭਾਰ ਵੀ।[6]

ਇੰਜ ਜੀ ਮਨੁੱਖ ਦੀ ਘਟੀਆ ਪ੍ਰਵਿਰਤੀ ਉੱਪਰ ਵਿਅੰਗ ਕਰਦਿਆਂ ਹੋਇਆ ਪਾਤਰ ਲਿਖਦੇ ਸਨ:

ਜਿੱਥੇ ਵੀ ਦੋ ਬੰਦੇ ਰਲ ਕੇ ਬਹਿੰਦੇ ਨੇ
ਤੀਜੇ ਦਾ ਪਰਛਾਵਾਂ ਵੱਢਦੇ ਰਹਿੰਦੇ ਨੇ।[7]

ਇੰਜ ਹੀ ਸੁਰਜੀਤ ਪਾਤਰ ਨੇ ਪੁਸਤਕ 'ਪੱਤਝੜ ਦੀ ਪਾਜ਼ੇਬ' (2004) ਪ੍ਰਕਾਸ਼ਿਤ ਕਰਵਾਈ ਜੋ ਕਿ ਉਸ ਦਾ ਦੂਜਾ ਗਜ਼ਲ ਸੰਗ੍ਰਹਿ ਹੈ। ਪਾਤਰ ਦੀ ਗਜ਼ਲ ਰਾਹੀਂ ਜਿੱਥੇ ਗਜ਼ਲ ਸਾਹਿਤ ਨੂੰ ਭਰਪੂਰ ਹੁੰਗਾਰਾ ਮਿਿਲਆ ਉੱਥੇ ਹੀ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਦਾ ਮਾਣ ਵਧਾਉਣ ਵਾਲਾ ਅਤੇ ਮਾਣਮੱਤੇ ਮਹਿਸੂਸ ਕਰਵਾਉਣ ਵਾਲਾ ਪਾਤਰ ਮਿਲਿਆ। ਇਸ ਤੋਂ ਇਲਾਵਾ 'ਸੁਰਜ਼ਮੀਨ' ਸੁਰਜੀਤ ਪਾਤਰ ਵੱਲੋਂ ਲਿਿਖਆ ਗਿਆ 52 ਗਜ਼ਲਾਂ ਦਾ ਸੰਗ੍ਰਹਿ ਹੈ, ਜਿਸ ਦੀ ਰਚਨਾ ਉਸਨੇ 2008 ਵਿੱਚ ਕੀਤੀ। ਵਿਸ਼ੇ ਪੱਖੋਂ ਇਹ ਸੰਗ੍ਰਹਿ ਪਾਤਰ ਦੀ ਸੂਖ਼ਮ ਅਤੇ ਸੰਵੇਦਨਸ਼ੀਲ ਸੂਝਬੂਝ ਦਾ ਇਕ ਉੱਤਮ ਨਮੂਨਾ ਹੈ। ਇਸ ਵਿੱਚ ਮਨੁੱਖੀ ਜ਼ਿੰਦਗੀ ਦੀ ਦਵੰਦਾਤਮਕਤਾ, ਮੱਧਵਰਗੀ ਜੀਵਨ ਦਾ ਪ੍ਰਗਟਾਵਾ, ਮਨੁੱਖਾਂ ਵਿੱਚ ਮਰਦੀ ਜਾ ਰਹੀ ਮਾਨਵਤਾ, ਬੇਗ਼ਾਨਗੀ ਆਦਿ ਵਿਿਸ਼ਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਸੰਗ੍ਰਹਿ ਵਿੱਚ ਦਰਜ ਉਸ ਦੀ ਇਕ ਗਜ਼ਲ 'ਜੇ ਆਈ ਪੱਤਝੜ... ਜਿੱਥੇ ਵਰਤਮਾਨ ਦੇ ਮਾੜੇ ਹਲਾਤਾਂ ਪ੍ਰਤੀ ਚਿੰਤਾ ਪ੍ਰਗਟਾਉਂਦੀਆਂ ਹਨ ਉੱਥੇ ਮਨੁੱਖ ਨੂੰ ਭਵਿੱਖ ਪ੍ਰਤੀ ਆਸ ਅਤੇ ਹਾਂ-ਪੱਖੀ ਸਕਾਰਾਤਮਕ ਸੋਚ ਰੱਖਣ ਦਾ ਸੁਨੇਹਾ ਵੀ ਦਿੰਦੀਆਂ ਹਨ।

ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।[8]

ਇਸ ਉਪਰੰਤ ਸੁਰਜੀਤ ਪਾਤਰ ਨੇ 'ਚੰਨ ਸੂਰਜ ਦੀ ਵਹਿੰਗੀ' (2017) ਕਾਵਿ ਰਚਨਾ ਵੀ ਕਾਵਿ ਪ੍ਰੇਮੀਆਂ ਦੇ ਰੂ-ਬ-ਰੂ ਕੀਤੀ ਜੋ ਕਿ ਪਾਠਕਾਂ ਵੱਲੋਂ ਬਹੁਤ ਸਲਾਹੀ ਵੀ ਗਈ।

'ਚੰਨ ਸੂਰਜ ਦੀ ਵਹਿੰਗੀ'ਪੁਸਤਕ ਵਿੱਚ ਉਸ ਦੀਆਂ ਕਵਿਤਾਵਾਂ, ਨਜ਼ਮਾਂ ਅਤੇ ਗੀਤ ਸ਼ਾਮਿਲ ਹਨ। ਇਸ ਪੁਸਤਕ ਬਾਰੇ ਸੁਰਜੀਤ ਪਾਤਰ ਦੇ ਵਿਚਾਰ ਹਨ:

"ਇਸ ਕਿਤਾਬ ਵਿੱਚ ਮੇਰੇ ਨਵੇਂ ਗੀਤ ਤੇ ਨਜ਼ਮਾਂ ਸ਼ਾਮਲ ਹਨ। ਕੁਝ ਗੀਤ ਮੇਰੇ ਰੂਪਾਂਤਰਿਤ ਨਾਟਕਾਂ ਵਿਚੋਂ ਲਏ ਹਨ"।[9]

ਇਸ ਸੰਗ੍ਰਹਿ ਵਿੱਚ ਸ਼ਾਮਿਲ 'ਜਗਾ ਦੇ ਮੋਮਬੱਤੀਆਂ', 'ਇਹ ਨੇ ਅੱਜਕਲ', 'ਧਰਤੀ', 'ਦਹਿਸ਼ਤ ਦੇ ਦਿਨਾਂ ਦੇ ਗੀਤ', 'ਕੀ ਦੱਸੀਏ ਹਾਲ ਪੰਜਾਬ ਦਾ', 'ਸਈਓ ਨੀ ਮੈਂ ਅੰਤਹੀਣ ਤਰਕਾਲ਼ਾਂ' ਪਾਤਰ ਦੇ ਅੰਦਰ ਦੀ ਪੀੜਾ ਅਤੇ ਦਰਦ ਦਾ ਅਹਿਸਾਸ ਕਰਵਾਉਂਦੀਆਂ ਰਚਨਾਵਾਂ ਹਨ।

**ਨਾਟਕ ਦੇ ਖੇਤਰ ਵਿੱਚ ਯੋਗਦਾਨ:**

ਜਿੱਥੇ ਸੁਰਜੀਤ ਪਾਤਰ ਨੇ ਕਾਵਿ ਪ੍ਰੇਮੀਆਂ ਲਈ ਉੱਤਮ ਕਾਵਿ ਰਚਨਾਵਾਂ ਅਤੇ ਸੰਗੀਤ ਪ੍ਰੇਮੀਆਂ ਲਈ ਗਜ਼ਲਾਂ, ਗੀਤਾਂ, ਨਜ਼ਮਾਂ ਦੀ ਸਿਰਜਣਾ ਕੀਤੀ ਉੱਥੇ ਨਾਟ ਪ੍ਰੇਮੀਆਂ ਲਈ ਵਿਸ਼ਵ ਪ੍ਰਸਿੱਧ ਨਾਟਕਾਂ ਨੂੰ ਰੂਪਾਂਤਰਣ ਕਰਨ ਦਾ ਕਾਰਜ ਵੀ ਕੀਤਾ। ਉਸ ਨੇ ਆਪਣੀ ਤੀਖਣ ਸੂਝਬੂਝ ਦਾ ਪ੍ਰਮਾਣ ਦਿੰਦਿਆਂ ਪੱਛਮੀ ਲੇਖਕ ਲੋਰਕਾ ਦੇ ਨਾਟਕਾਂ 'ਬਲੱਡ ਵੈਡਿੰਗ' ਨੂੰ 'ਅੱਗ ਦੇ ਕਲੀਰੇ', 'ਯੇਰਮਾਂ' ਨੂੰ 'ਸਈਓ ਨੀਂ ਮੈਂ ਅੰਤਹੀਣ ਤਰਕਾਲਾਂ', 'ਹਾਊਸ ਆਫ਼ ਬਰਨਾਰਡਾ ਅਲਬਾ' ਨੂੰ 'ਹੁਕਮੀ ਦੀ ਹਵੇਲੀ', ਗਿਰੀਸ਼ ਕਰਨਾਡ ਦੇ ਕੰਨੜ ਨਾਟਕ 'ਨਾਗ ਮੰਡਲ' ਨੂੰ 'ਇੱਛਾਧਾਰੀ', ਸਰ ਰੈਸੀਨ ਦਾ ਨਾਟਕ 'ਫ਼ੀਦਰਾ' ਨੂੰ 'ਫ਼ਿਦਾ', ਯਾਂ ਜਿਰਾਦੂ ਦੇ ਨਾਟਕ 'ਮੈਡ ਵੂਮਨ ਆਫ਼ ਸ਼ਈਓ' ਨੂੰ 'ਸ਼ਹਿਰ ਮੇਰੇ ਦੀ ਪਾਗਲ ਔਰਤ'(2002), ਸਿਰਲੇਖ ਹੇਠ ਪੰਜਾਬੀ ਰੂਪ ਦਿੱਤਾ। ਇਹ ਨਾਟਕ ਪੰਜਾਬੀ ਰੰਗਕਰਮੀਆਂ, ਨਾਟ-ਨਿਰਦੇਸ਼ਕਾਂ ਵੱਲੋਂ ਵੱਖ-ਵੱਖ ਸਟੇਜਾਂ ਅਤੇ ਨਾਟ-ਉੱਤਸਵਾਂ ਵਿੱਚ ਖੇਡੇ ਵੀ ਜਾ ਚੁੱਕੇ ਹਨ। ਇਨ੍ਹਾਂ ਨਾਟਕਾਂ ਦੀ ਚੋਣ ਇਸ ਗੱਲ ਦਾ ਪ੍ਰਮਾਣ ਹੈ ਕਿ ਪਾਤਰ ਦਾ ਨਾਤਾ ਉਦਾਸੀ ਅਤੇ ਦੁੱਖਾਂ ਨਾਲ ਨੇੜੇ ਤੋਂ ਰਿਹਾ ਹੈ। ਇਸ ਲਈ ਉਸ ਨੇ ਸੁਖਾਂਤ ਦੀ ਬਜਾਇ ਦੁਖਾਂਤ ਨੂੰ ਹੀ ਪ੍ਰਗਟਾਉਂਦੇ ਨਾਟਕਾਂ ਦੀ ਚੋਣ ਕੀਤੀ। ਇਨ੍ਹਾਂ ਨਾਟਕਾਂ ਵਿੱਚ ਔਰਤ ਦੀ ਮਾਨਸਿਕਤਾ, ਦੁੱਖ ਅਤੇ ਦਰਦ ਨੂੰ ਉਸਨੇ ਬੜੀ ਸੁਘੜਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸੁਰਜੀਤ ਪਾਤਰ ਨੇ 'ਅੱਗ ਦੇ ਕਲੀਰੇ' ਨਾਟਕ ਦਾ ਰੂਪਾਂਤਰਣ 2002 ਵਿੱਚ ਕੀਤਾ। ਅਸਲ ਵਿੱਚ 'ਅੱਗ ਦੇ ਕਲੀਰੇ' ਨਾਟਕ ਫੇਡੇਰੀਕੋ ਗਾਰਸ਼ੀਆ ਲੋਰਕਾ ਦੇ ਸਪੇਨੀ ਨਾਟਕ

'ਬਲੱਡ ਵੈਡਿੰਗ' ਦਾ ਪੰਜਾਬੀ ਰੂਪਾਂਤਰਣ ਹੈ। ਲੋਰਕਾ ਇਕ ਅਜਿਹਾ ਕਵੀ ਸੀ ਜਿਸਨੇ ਆਪਣੀ ਸਰੀਰਕ ਕਮਜੋਰੀ 'ਹਕਲਾਪਨ'ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ ਸਗੋਂ ਆਮ ਲੋਕਾਂ ਨੂੰ ਆਪਣੇ ਵੱਲ ਬੜਾ ਆਕਰਸ਼ਿਤ ਕੀਤਾ। ਉਸ ਦੇ ਨਾਟਕ ਅਤੇ ਕਵਿਤਾਵਾਂ ਆਮ ਮਨੁੱਖੀ ਜੀਵਨ ਅਤੇ ਸੱਚੀਆਂ ਘਟਨਾਵਾਂ ਉੱਪਰ ਆਧਾਰਿਤ ਹੁੰਦੇ ਸਨ ਜਿਵੇਂ ਕਿ 'ਬਲੱਡ ਵੈਡਿੰਗ'ਨਾਟਕ ਸੱਚੀ ਘਟਨਾ ਉੱਪਰ ਆਧਾਰਿਤ ਨਾਟਕ ਹੈ। 'ਅੱਗ ਦੇ ਕਲੀਰੇ' ਨਾਟਕ ਵਿੱਚ ਤਿੰਨ ਅੰਕ ਹਨ। ਇਸ ਨਾਟਕ ਦੀ ਤਕਨੀਕ ਅਤੇ ਪਾਤਰਾਂ ਬਾਰੇ ਸੁਰਜੀਤ ਪਾਤਰ ਦੇ ਵਿਚਾਰ ਹਨ :

"ਇਹ ਬਹੁਤ ਸ਼ਿੱਦਤ ਭਰਿਆ ਨਾਟਕ ਹੈ, ਬੇਮਿਸਾਲ ਨਾਟਕੀਅਤਾ ਅਤੇ ਮਹਾਨ ਕਾਵਿਕਤਾ ਨਾਲ ਦਗਦਾ। ਇਸ ਵਿੱਚ ਚੰਨ ਵੀ ਇਕ ਪਾਤਰ ਹੈ ਤੇ ਹੋਣੀ ਵੀ ਇਕ ਬੁੱਢੀ ਮੰਗਤੀ ਬਣਕੇ ਘੁੰਮਦੀ ਹੈ"।[10]

ਇਸ ਨਾਟਕ ਦਾ ਵਿਸ਼ਾ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਨਾ ਹੈ। ਨਾਟਕ ਵਿੱਚ ਮਾਲਾ, ਮੀਤਾਂ ਅਤੇ ਸੀਬੋ ਤਿੰਨ ਔਰਤਾਂ ਹਨ ਜੋ ਆਪਣੀ ਆਪਣੀ ਹੋਣੀ ਦਾ ਦੁਖਾਂਤ ਭੋਗਦੀਆਂ ਨਜ਼ਰ ਆਉਂਦੀਆਂ ਹਨ। ਮਾਲਾ ਇਕ ਵਿਧਵਾ ਪਤਨੀ ਹੋਣ ਦੇ ਦੁੱਖ ਦੇ ਨਾਲ ਨਾਲ ਵੱਡੇ ਪੁੱਤਰ ਦੇ ਕਤਲ ਕੀਤੇ ਜਾਣ ਦੇ ਦੁਖਾਂਤ ਨੂੰ ਭੋਗਦੀ ਹੈ ਅਤੇ ਆਪਣੇ ਇਕੋ ਇਕ ਛੋਟੇ ਪੁੱਤਰ ਨੂੰ ਵਿਆਉਣ ਅਤੇ ਵੰਸ਼ ਨੂੰ ਅੱਗੇ ਵੱਧਦੇ ਦੇਖਣ ਦੀ ਆਸ ਵਿੱਚ ਜੀਵਨ ਗੁਜਾਰਦੀ ਹੈ। ਪਰੰਤੂ ਨਾਟਕ ਦੇ ਅੰਤ ਵਿੱਚ ਉਸ ਦਾ ਉਹ ਛੋਟਾ ਪੁੱਤਰ ਵੀ ਅਣਖ ਨੂੰ ਬਚਾਉਣ ਖਾਤਿਰ ਮਾਰਿਆ ਜਾਂਦਾ ਹੈ ਅਤੇ ਮਾਲਾ ਲਈ ਸਾਰਾ ਕੁਝ ਉੱਜੜ ਜਾਂਦਾ ਹੈ। ਦੂਜੇ ਪਾਸੇ ਸੀਬੋ ਇਕ ਐਸੀ ਔਰਤ ਹੈ ਜੋ ਵਿਆਹੀ ਤਾਂ ਹੋਈ ਹੈ ਪਰੰਤੂ ਪਤੀ ਦੇ ਪਿਆਰ, ਮਿੱਠੇ ਬੋਲਾਂ ਅਤੇ ਸਾਥ ਲਈ ਤੜਪਦੀ ਰਹਿੰਦੀ ਹੈ ਕਿਉਂਕਿ ਉਸ ਦਾ ਪਤੀ ਉਜਾਗਰ ਕਿਸੇ ਹੋਰ (ਮੀਤਾਂ) ਨੂੰ ਪਿਆਰ ਕਰਦਾ ਹੈ। ਨਾਟਕ ਦੇ ਅੰਤ ਵਿੱਚ ਉਜਾਗਰ ਆਪਣੀ ਪ੍ਰੇਮਿਕਾ ਮੀਤਾਂ ਨੂੰ ਉਸ ਦੇ ਵਿਆਹ ਵਾਲੇ ਦਿਨ ਭਜਾਕੇ ਲੈ ਜਾਂਦਾ ਹੈ ਜਿਸ ਕਾਰਨ ਮੀਤਾਂ ਦਾ ਹੋਣ ਵਾਲਾ ਪਤੀ (ਮਾਲਾ ਦਾ ਛੋਟਾ ਪੁੱਤਰ) ਉਸ ਦਾ ਕਤਲ ਕਰ ਦਿੰਦਾ ਹੈ। ਇੰਜ ਇਹ ਨਾਟਕ ਤਿੰਨ ਵਿਧਵਾ ਔਰਤਾਂ ਦੇ ਦੁਖਾਂਤ ਨੂੰ ਬਿਆਨ ਕਰਦਾ ਹੈ। ਇਸ ਤੋਂ ਇਲਾਵਾ ਇਹ ਪ੍ਰੇਮ ਵਿਆਹ ਦੀਆਂ ਵਰਜਨਾਵਾਂ, ਅਣਖ ਅਤੇ ਈਰਖਾ ਦੀ ਖਾਤਰ ਹੋਣ ਵਾਲੇ ਕਤਲ, ਮਨੁੱਖੀ ਮਾਨਸਿਕਤਾ ਦੀ ਦਵੰਦਾਤਮਕਤਾ ਨੂੰ ਪ੍ਰਗਟਾਉਂਦਾ ਹੈ।

ਸੁਰਜੀਤ ਪਾਤਰ ਨੇ 'ਯੇਰਮਾਂ' ਨੂੰ 'ਸਈਓ ਨੀਂ ਮੈਂ ਅੰਤਹੀਣ ਤਰਕਾਲਾਂ' ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ। ਇਹ ਨਾਟਕ ਵੀ ਇਕ ਅਜਿਹੀ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਦਾ ਹੈ ਜੋ ਕਿ ਬਾਂਝ ਹੋਣ ਦਾ ਸੰਤਾਪ ਭੋਗਦੀ ਹੈ। ਨਾਟਕ ਵਿਚਲੀ ਔਰਤ ਪਾਤਰ ਵਿਆਹੀ ਹੋਣ ਦੇ ਬਾਵਜੂਦ ਔਲਾਦ ਪੈਦਾ ਨਹੀਂ ਕਰ ਪਾਉਂਦੀ ਜਿਸ ਕਾਰਨ ਆਂਡ-ਗੁਆਂਡ ਦੀਆਂ ਔਰਤਾਂ ਉਸ ਨੂੰ ਕਈ ਤਰਾਂ ਦੀਆਂ ਵਿਧੀਆਂ ਅਤੇ ਜੁਗਤਾਂ ਵਰਤਣ ਦੀ ਸਲਾਹ ਦਿੰਦੀਆਂ ਹਨ। ਪਰੰਤੂ ਸਭ ਵਿਅਰਥ ਹੁੰਦਾ ਹੈ। ਉਸ ਦੀ ਮਾਂ ਬਣਨ ਦੀ ਇੱਛਾ ਅਧੂਰੀ ਰਹਿੰਦੀ ਹੈ ਅਤੇ ਉਹ ਮਾਂ ਬਣਨ ਦਾ ਸੁੱਖ ਹਾਸਿਲ ਨਹੀਂ ਕਰ ਪਾਉਂਦੀ। ਦੂਜੇ ਪਾਸੇ ਉਸਦਾ ਪਤੀ ਸਾਰਾ ਦਿਨ ਖੇਤਾਂ ਵਿੱਚ ਕੰਮ ਕਰਦਾ ਵਿਅਸਤ ਰਹਿੰਦਾ ਹੈ ਅਤੇ ਰੋਜ ਘਰ ਵੀ ਨਹੀਂ ਪਰਤਦਾ ਜਿਸ ਕਾਰਨ ਉਹ ਘਰ ਦੀ ਚਾਰ ਦੀਵਾਰੀ ਵਿੱਚ ਇਕੱਲੇਪਨ ਦੀ ਪੀੜਾ ਨੂੰ ਹੰਢਾਉਂਦੀ ਹੈ।

ਸੁਰਜੀਤ ਪਾਤਰ ਨੇ ਲੋਰਕਾ ਦੇ ਨਾਟਕ 'ਹਾਊਸ ਆਫ਼ ਬਰਨਾਰਡਾ ਅਲਬਾ'ਨੂੰ 'ਹੁਕਮੀ ਦੀ ਹਵੇਲੀ' ਸਿਰਲੇਖ ਹੇਠ 2004 ਵਿੱਚ ਪ੍ਰਕਾਸ਼ਿਤ ਕੀਤਾ। ਪਾਤਰ ਵੱਲੋਂ ਚੁਣੇ ਗਏ ਇਹ ਨਾਟਕ ਔਰਤ ਪ੍ਰਤੀ ਸੰਵੇਦਨਾ ਦੇ ਭਾਵਾਂ ਨੂੰ ਉਜਾਗਰ ਕਰਦੇ ਹਨ। 'ਹੁਕਮੀ ਦੀ ਹਵੇਲੀ' ਨਾਟਕ ਵੀ ਔਰਤ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਹੈ। ਇਸ ਨਾਟਕ ਦੇ ਬਾਰੇ ਸੁਰਜੀਤ ਪਾਤਰ ਦੇ ਵਿਚਾਰ ਹਨ:

"ਇਹ ਨਾਟਕ ਰੀਤ ਮਰਯਾਦਾ ਦੀ ਚਾਰ ਦੀਵਾਰੀ ਵਿੱਚ ਤੜਪਦੇ ਪਿਆਰ ਅਤੇ ਹੁਸਨ ਦਾ ਦੁਖਾਂਤ ਹੈ"।[11]

'ਹੁਕਮੀ ਦੀ ਹਵੇਲੀ' ਨਾਟਕ ਦੇ ਸਾਰੇ ਪਾਤਰ ਇਸਤਰੀ ਪਾਤਰ ਹਨ। ਹੁਕਮੀ ਇਸ ਨਾਟਕ ਦੀ ਮੁੱਖ ਪਾਤਰ ਹੈ ਜੋ ਕਿ ਆਪਣੀਆਂ ਧੀਆਂ ਸਮੇਤ ਹਵੇਲੀ ਵਿੱਚ ਰਹਿੰਦੀ ਹੈ। ਉਹ ਸੁਭਾਅ ਵਜੋਂ ਬੜੀ ਸਖ਼ਤ ਅਤੇ ਜੁਬਾਨ ਵਜੋਂ ਬਹੁਤੀ ਕੌੜੀ ਹੈ। ਉਹ ਪੁਰਾਣੇ ਖਿਆਲਾਂ ਦੀ ਔਰਤ ਹੈ ਜੋ ਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਰਜਾ ਨਾ ਦਿੰਦੀ ਹੋਈ ਘਰ ਦੀ ਚਾਰ ਦੀਵਾਰੀ ਵਿੱਚ ਜਕੜ ਕੇ ਰੱਖਣ ਦੇ ਹੱਕ ਵਿੱਚ ਹੈ। ਉਹ ਪੁਰਾਣੀਆਂ ਤੇ ਖੋਖਲੀਆਂ ਰਸਮਾਂ ਰੀਤਾਂ ਅਨੁਸਾਰ ਚੱਲਣ ਵਾਲੀ ਔਰਤ ਹੈ ਜਿਸ ਨੂੰ ਘਰ ਦੀਆਂ ਦੂਜੀਆਂ ਔਰਤਾਂ ਪਾਲੋ ਅਤੇ ਨੌਕਰਾਣੀ ਵੀ ਪਸੰਦ ਨਹੀਂ ਕਰਦੀਆਂ। ਹੁਕਮੀ ਆਪਣੀਆਂ ਧੀਆਂ ਦਾ ਵਿਆਹ ਵੱਡੇ ਘਰਾਂ ਵਿੱਚ ਕਰਨਾ ਚਾਹੁੰਦੀ ਹੈ ਪਰੰਤੂ ਆਪਣੀ ਅਮੀਰੀ ਦੀ ਹੈਂਕੜ ਕਾਰਨ ਅਸਮਰਥ ਹੁੰਦੀ ਹੈ ਜਿਸ ਕਾਰਨ ਉਸ ਦੀਆਂ ਧੀਆਂ ਪਿਆਰ ਦੀ ਤਾਂਘ

ਲੈ ਕੇ ਤੜਫਦੀਆਂ ਰਹਿੰਦੀਆਂ ਹਨ। ਇਸ ਨਾਟਕ ਵਿੱਚ ਲੇਖਕ ਨੇ ਔਰਤਾਂ ਪ੍ਰਤੀ ਮਰਦਾਂ ਦੀ ਘਟੀਆ ਸੋਚ ਉੱਪਰ ਵੀ ਵਿਅੰਗ ਕੀਤਾ ਹੈ। ਦੇਖੋ ਉਦਾਹਰਣ

ਜੋਤੀ : ਮਰਦਾਂ ਨੂੰ ਬਦਸੂਰਤੀ ਕੁਝ ਨਹੀਂ ਕਹਿੰਦੀ। ਇਹ ਤਾਂ ਜ਼ਮੀਨਾਂ ਦੇਖਦੇ ਨੇ, ਬਲਦ ਤੇ ਪੰਜਾਲੀਆਂ ਦੇਖਦੇ ਨੇ ਤੇ ਕੋਈ ਵਫ਼ਾਦਾਰ ਕੁੱਤੀ ਗੁਲਾਮਾਂ ਵਾਂਗ ਇਨ੍ਹਾਂ ਦੀ ਰੋਟੀ ਪਕਾਉਂਦੀ ਰਹਿੰਦੀ ਹੈ।[12]

ਯਾਂ ਜਿਰਾਦੂ ਦੇ ਫਰੈਂਚ ਨਾਟਕ 'ਮੈਡ ਵੂਮਨ ਆਫ਼ ਸ਼ਈਓ' ਦਾ ਪੰਜਾਬੀ ਰੂਪਾਂਤਰਣ 'ਸ਼ਹਿਰ ਮੇਰੇ ਦੀ ਪਾਗਲ ਔਰਤ' (2002) ਵੀ ਸੁਰਜੀਤ ਪਾਤਰ ਦਾ ਇਕ ਅਹਿਮ ਨਾਟਕ ਹੈ। ਜਿਰਾਦੂ ਨੇ ਇਹ ਨਾਟਕ 1943 ਵਿੱਚ ਲਿਖਿਆ ਸੀ ਅਤੇ ਇਹ ਨਾਟਕ ਉਸ ਦੀ ਮੌਤ ਉਪਰੰਤ 1945 ਵਿੱਚ ਪਹਿਲੀ ਵਾਰ ਸਟੇਜ ਤੇ ਖੇਡਿਆ ਗਿਆ ਸੀ। ਪਾਤਰ ਵੱਲੋਂ ਰੂਪਾਂਤਰਤ ਇਹ ਪੰਜਾਬੀ ਨਾਟਕ ਨੀਲਮ ਮਾਨ ਸਿੰਘ ਚੌਧਰੀ ਦੀ ਨਿਰਦੇਸ਼ਨਾ ਹੇਠ ਰੰਗਮੰਚ ਉੱਪਰ ਸਫਲਤਾ ਪੂਰਵਕ ਖੇਡਿਆ ਵੀ ਗਿਆ। ਇਹ ਨਾਟਕ ਅਤੇ ਨਾਟਕ ਦੇ ਕਿਰਦਾਰ ਨੀਲਮ ਮਾਨ ਨੂੰ ਬਹੁਤ ਪ੍ਰਭਾਵਸ਼ਾਲੀ ਜਾਪਦੇ ਹਨ। ਇਸ ਨਾਟਕ ਬਾਰੇ ਉਸ ਦੇ ਵਿਚਾਰ ਹਨ:

"ਪਾਗਲ ਔਰਤ ਆਪਣੀ ਵਿਦਰੋਹੀ ਅਗਨ ਅਤੇ ਜਗਮਗਾਉਂਦੀ ਸੁਹਿਰਦਤਾ ਸਦਕਾ ਨਾਂਹ-ਮੁੱਖਤਾ ਅਤੇ ਹਨੇਰੇ ਦੇ ਖਿਲਾਫ ਲੜਦੀ ਹੈ। ਇਸ ਨਾਟਕ ਦੇ ਕਿਰਦਾਰ ਰੂਪਕ ਵੀ ਹਨ ਤੇ ਬਿੰਬ ਵੀ। ਉਹ, ਇਕ ਪੱਧਰ ਤੇ ਯਥਾਰਥਕ ਹਨ ਤੇ ਦੂਜੀ ਪੱਧਰ ਦੇ ਪਰ-ਯਥਾਰਥਕ।[13]

'ਸ਼ਹਿਰ ਮੇਰੇ ਦੀ ਪਾਗਲ ਔਰਤ' ਇਕ ਵਿਅੰਗਾਤਮਕ ਨਾਟਕ ਹੈ ਜਿਸ ਵਿੱਚ ਇਕ ਪਾਗਲ ਔਰਤ ਮੌਜੂਦਾ ਸਮਾਜ ਵਿੱਚ ਮੌਜੂਦ ਭ੍ਰਿਸ਼ਟਾਚਾਰ ਖਿਲਾਫ ਵਿਦਰੋਹ ਕਰਦੀ ਹੈ। ਇਸ ਨਾਟਕ ਵਿੱਚ ਨਕਲੀ ਕਰੰਸੀ, ਨਸ਼ੀਲੀਆਂ ਦਵਾਈਆਂ ਦੇ ਧੰਦਾ ਕਰਨ ਅਤੇ ਨਿੱਕੇ ਮੋਟੇ ਕੰਮ ਕਰਨ ਵਾਲਿਆਂ ਕਿਰਤੀਆਂ ਦੇ ਕੰਮ ਨੂੰ ਟਿੱਚ ਸਮਝਣ ਵਾਲਿਆਂ ਪ੍ਰਧਾਨ ਵਰਗੇ ਲੋਕਾਂ ਉਪਰ ਵਿਅੰਗ ਕੀਤਾ ਹੈ ਅਤੇ ਇਸਦੇ ਨਾਲ ਹੀ ਪਾਠਕਾਂ ਨੂੰ ਜ਼ੈਲਦਾਰ, ਪ੍ਰਧਾਨ, ਖਣਿਜ ਖੋਜੀ ਵਰਗੇ ਸਵਾਰਥੀ ਲੋਕਾਂ ਪ੍ਰਤੀ ਸੁਚੇਤ ਹੋਣ ਦਾ ਸੁਨੇਹਾ ਵੀ ਦਿੱਤਾ ਹੈ ਜੋ ਕੁਦਰਤੀ ਸ਼ਕਤੀ ਨੂੰ ਨੁਕਸਾਨ ਪਹੁੰਚਾਕੇ ਆਪਣੀਆਂ ਜੇਬਾਂ ਭਰਨ ਦੇ ਯਤਨ ਕਰਦੇ ਹਨ।

ਸੁਰਜੀਤ ਪਾਤਰ ਨੇ ਗਿਰੀਸ਼ ਕਰਨਾਡ ਦੇ ਕੰਨੜ ਨਾਟਕ 'ਨਾਗ ਮੰਡਲ'ਦਾ ਪੰਜਾਬੀ ਵਿੱਚ ਰੂਪਾਂਤਰਣ 'ਇੱਛਾਧਾਰੀ' ਸਿਰਲੇਖ ਹੇਠ ਕੀਤਾ ਜਿਸਦਾ ਮੰਚਣ ਵੱਖ-ਵੱਖ ਨਿਰਦੇਸ਼ਕਾਂ ਵੱਲੋਂ ਵੱਖ-ਵੱਖ ਨਾਟ ਉੱਤਸਵਾਂ ਵਿੱਚ ਕੀਤਾ ਗਿਆ। ਇਹ ਨਾਟਕ ਔਰਤ ਦੀ ਮਾਨਸਿਕ ਸਥਿਤੀ ਅਤੇ ਦੁੱਖਾਂ ਨੂੰ ਬਿਆਨ ਕਰਦਾ ਹੈ ਜੋ ਕਿ ਆਪਣੇ ਪਤੀ ਦੇ ਪਿਆਰ ਲਈ ਸਿਸਕਦੀ ਹੈ ਅਤੇ ਇਕੱਲ ਭਰੀਆਂ ਕਾਲੀਆਂ ਰਾਤਾਂ ਗੁਜ਼ਾਰਦੀ ਹੈ। ਇਸ ਨਾਟਕ ਵਿੱਚ ਲੇਖਕ ਨੇ ਮਿਥਿਹਾਸ ਅਤੇ ਲੋਕਧਾਰਾ ਦਾ ਪ੍ਰਯੋਗ ਵੀ ਬਾਕਮਾਲ ਕੀਤਾ ਹੈ। ਵਹਿਮ-ਭਰਮਾਂ, ਲੋਕ ਵਿਸ਼ਵਾਸਾਂ ਅਤੇ ਟੂਣੇ ਟੋਟਕਿਆਂ ਵਿੱਚ ਲੋਕਾਂ ਦਾ ਵਿਸ਼ਵਾਸ ਵੀ ਇਸ ਨਾਟਕ ਰਾਹੀਂ ਪ੍ਰਗਟਾਇਆ ਗਿਆ ਹੈ। ਉਦਾਹਰਣ ਵਜੋਂ:

ਰਾਣੀ: ਕੀ ਐ ਤਾਈ?

ਬਿਸ਼ਨੀ: ਓਹੀ ਜੜੀ ਬੂਟੀ, ਜਿਹਦੀ ਮੈਂ ਗੱਲ ਕਰਦੀ ਸੀ। (ਰਾਣੀ ਤ੍ਰਭਕਦੀ ਹੈ) ਆਹ ਦੇਖ, ਇਹ ਜਿਹੜੀ ਛੋਟੀ ਜੜ੍ਹ ਐ ਨਾ, ਏਹੀ ਬਥੇਰੀ ਆ। ਇਹਨੂੰ ਬਰੀਕ ਕਰ ਕੇ, ਚੰਗੀ ਤਰ੍ਹਾਂ ਰਗੜ ਕੇ, ਘਰ ਵਾਲੇ ਦੀ ਦਾਲ-ਸਬਜ਼ੀ ਵਿੱਚ ਰਲਾ ਦਈਂ ਫੇਰ ਦੇਖੀਂ ਕੀ ਬਣਦਾ। ਤੇਰੇ ਮਗਰ ਲੱਗਿਆ ਫਿਰੂ ਸਾਰੀ ਉਮਰ। ਬੁਰਕੀ ਖਾਂਦੇ ਸਾਰ ਤੈਨੂੰ ਆਪਣੀ ਤੀਮੀਂ ਬਣਾ ਲਊਗਾ।[14]

ਇਸ ਤੋਂ ਇਲਾਵਾ ਸੁਰਜੀਤ ਪਾਤਰ ਨੇ ਰੇਸੀਨ ਦੇ ਫਰਾਂਸੀਸੀ ਨਾਟਕ 'ਫ਼ੀਦਰਾ' ਨੂੰ 'ਫ਼ਿਦਾ' ਸਿਰਲੇਖ ਹੇਠ ਪੰਜਾਬੀ ਵਿੱਚ ਰੂਪਾਂਤਰ ਕੀਤਾ। ਯੂਨਾਨੀ ਮਿਥ ਕਥਾ ਤੇ ਆਧਾਰਿਤ ਇਹ ਨਾਟਕ ਰਾਜਾ ਥੀਸੀਅਸ ਦੀ ਦੂਜੀ ਰਾਣੀ ਫ਼ੀਦਰਾ ਦੇ ਜੀਵਨ ਨਾਲ ਸੰਬੰਧਿਤ ਹੈ ਜੋ ਲੂਣਾ ਵਾਂਗ ਆਪਣੇ ਮਤਰੇਏ ਪੁੱਤਰ ਹਿਪੋਲਾਈਟਸ ਵੱਲ ਮੋਹਿਤ ਹੋ ਜਾਂਦੀ ਹੈ ਪਰੰਤੂ ਉਸ ਵੱਲੋਂ ਠੁਕਰਾਏ ਜਾਣ ਤੇ ਆਤਮ-ਹੱਤਿਆ ਕਰ ਲੈਂਦੀ ਹੈ। ਪਰੰਤੂ ਆਤਮ-ਹੱਤਿਆ ਕਰਨ ਤੋਂ ਪਹਿਲਾਂ ਮਤਰੇਏ ਪੁੱਤਰ ਤੇ ਚਰਿਤਰਹੀਣ ਹੋਣ ਦਾ ਇਲਜ਼ਾਮ ਲਗਾਕੇ ਉਹ ਉਸ ਦੀ ਮੌਤ ਦਾ ਕਾਰਣ ਬਣਦੀ ਹੈ।

ਸੁਰਜੀਤ ਪਾਤਰ ਨੇ ਰੂਪਾਂਤਰਣ ਦੇ ਨਾਲ ਨਾਲ ਲਿੱਪੀਆਂਤਰਣ ਦੇ ਖੇਤਰ ਵਿੱਚ ਵੀ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਮਸ਼ਹੂਰ ਉਰਦੂ ਸ਼ਾਇਰ ਸ਼ਹਰਯਾਰ ਦੀ ਸ਼ਾਇਰੀ ਦਾ ਵੀ ਲਿੱਪੀਆਂਤਰਣ ਕੀਤਾ ਜੋ ਕਿ 'ਖ਼ਾਮੋਸ਼ੀਆਂ ਨੂੰ ਗਾਉਂਦੀ ਸ਼ਾਇਰੀ' (ਮਸ਼ਹੂਰ ਉਰਦੂ ਸ਼ਾਇਰ ਸ਼ਹਰਯਾਰ ਦਾ ਚੋਣਵਾਂ ਕਲਾਮ) ਸਿਰਲੇਖ ਅਧੀਨ 2014 ਵਿੱਚ ਪ੍ਰਕਾਸ਼ਿਤ ਕੀਤੀ।

**ਵਾਰਤਕ ਦੇ ਖੇਤਰ ਵਿੱਚ ਯੋਗਦਾਨ:**

ਸੁਰਜੀਤ ਪਾਤਰ ਨੇ ਨਾਟਕ, ਕਵਿਤਾ ਅਤੇ ਰੂਪਾਂਤਰਣ ਤੋਂ ਇਲਾਵਾ ਵਾਰਤਕ ਦੇ ਖੇਤਰ ਵਿੱਚ ਵੀ ਵੱਡਮੁੱਲਾ ਯੋਗਦਾਨ ਦਿੱਤਾ ਹੈ। ਵਾਰਤਕ ਦੇ ਖੇਤਰ ਵਿੱਚ 'ਸੂਰਜ ਮੰਦਰ ਦੀਆਂ ਪੌੜੀਆਂ' (2011) ਉਸ ਦੀ ਅਹਿਮ ਰਚਨਾ ਹੈ। ਇਸ ਪੁਸਤਕ ਵਿੱਚ 28 ਲੇਖ ਹਨ ਜੋ ਕਿ ਵੱਖ ਵੱਖ ਵਿਸ਼ੇ ਨਾਲ ਸੰਬੰਧਿਤ ਹਨ ਜਿਵੇਂ ਯੂਨਾਨ ਦੀ ਲੂਣਾ, ਕਵਿਤਾ ਦਾ ਜਨਮ, ਸੰਤ ਸਿੰਘ ਸੇਖੋਂ ਦੀ ਵਿਦਾ 'ਤੇ, ਗੱਲ ਸੁਣ ਆਥਣੇ ਨੀਂ, ਦੀਦਾਰ ਸਿੰਘ ਪਰਦੇਸੀ ਯਾਦਾਂ ਦੀ ਐਲਬਮ ਆਦਿ ਅਹਿਮ ਜਾਣਕਾਰੀ ਭਰਪੂਰ ਰਚਨਾਵਾਂ ਹਨ। ਇਸ ਪੁਸਤਕ ਵਿੱਚ ਦਰਜ ਲੇਖਾਂ ਵਿੱਚ ਲੇਖਕ ਨੇ ਆਪਣੇ ਜੀਵਨ ਅਨੁਭਵ ਨੂੰ ਬਿਆਨ ਕੀਤਾ ਹੈ। ਇਸ ਪੁਸਤਕ ਵਿੱਚ ਦਰਜ ਰਚਨਾਵਾਂ ਸੰਬੰਧੀ ਲੇਖਕ ਦੇ ਵਿਚਾਰ ਸਨ:

"ਇਨ੍ਹਾਂ ਰਚਨਾਵਾਂ ਵਿੱਚ ਮੇਰੀਆਂ ਸੋਚਾਂ ਹਨ, ਮੇਰੀਆਂ ਯਾਦਾਂ ਹਨ, ਮੇਰੇ ਸਫ਼ਰ ਹਨ, ਮੇਰੀ ਕਵਿਤਾ ਦਾ ਪਿਛੋਕੜ ਹੈ, ਉਸ ਦੀਆਂ ਜੜ੍ਹਾਂ ਉਸ ਦੇ ਸੋਮੇ ਤੇ ਉਸ ਦਾ ਠੋਸ ਧਰਾਤਲ।[15]

**ਸੰਪਾਦਕ ਵਜੋਂ ਯੋਗਦਾਨ:**

ਸੁਰਜੀਤ ਪਾਤਰ ਨੇ 'ਸਦੀ ਦੀਆਂ ਤਰਕਾਲਾਂ' (ਪਿਛਲੇ ਦਹਾਕੇ ਦੀ ਪੰਜਾਬੀ ਕਵਿਤਾ) ਪੁਸਤਕ ਦਾ ਸੰਪਾਦਨ 2002 ਵਿੱਚ ਕਰਵਾਇਆ। ਇਹ ਇਕ ਅਜਿਹਾ ਕਾਵਿ-ਸੰਗ੍ਰਹਿ ਹੈ ਜਿਸ ਵਿੱਚ ਵੱਖ-ਵੱਖ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਨੂੰ ਇੱਕਤਰ ਕਰਕੇ, ਵਿਸ਼ੇ ਅਨੁਸਾਰ ਵੱਖ-ਵੱਖ ਵਰਗਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ ਤਾਂ ਜੋ ਪੰਜਾਬੀ ਪਾਠਕਾਂ ਨੂੰ ਇਕੋ ਜਿਹੇ ਸਰੋਕਾਰ ਨੂੰ ਪੇਸ਼ ਕਰਦੀਆਂ ਵੱਖ-ਵੱਖ ਕਵੀਆਂ ਦੀਆਂ ਕਵਿਤਾਵਾਂ ਨਾਲ ਜਾਣੂੰ ਕਰਵਾਇਆ ਜਾ ਸਕੇ।

ਇਸ ਤਰ੍ਹਾਂ ਸੁਰਜੀਤ ਪਾਤਰ ਦੀਆਂ ਸਾਹਿਤਕ ਰਚਨਾਵਾਂ ਉੱਪਰ ਵਿਚਾਰ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀਆਂ ਲਈ ਵਡਮੁੱਲੀ ਦੇਣ ਹਨ ਜੋ ਕਿ ਗਿਆਨ ਦਾ ਵੱਡਾ ਸੋਮਾ ਹਨ। ਬੇਸ਼ਕ ਅੱਜ ਸੁਰਜੀਤ ਪਾਤਰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ ਪਰੰਤੂ ਆਪਣੇ ਪਾਠਕਾਂ ਦੇ ਚੇਤਿਆਂ ਵਿੱਚ ਉਹ ਹਮੇਸ਼ਾ ਅਮਰ ਰਹਿਣਗੇ।

**ਹਵਾਲੇ**

1. ਸ਼ਤਨਾਮ ਰੰਧਾਵਾ, ਆਧੁਨਿਕ ਪੰਜਾਬੀ ਕਾਵਿ ਦੇ ਪ੍ਰਮੁੱਖ ਹਸਤਾਖਰ, ਸ੍ਰੀ ਪ੍ਰਕਾਸ਼ਨ, ਦਿੱਲੀ, 2013, ਪੰਨਾ-69

2. ਸੁਰਜੀਤ ਪਾਤਰ, ਹਵਾ ਵਿੱਚ ਲਿਖੇ ਹਰਫ਼, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979, ਪੰਨਾ-29

3. ਉਹੀ, ਪੰਨਾ-28

4. ਉਹੀ, ਹਵਾ ਵਿੱਚ ਸੁਲਗਦੀ ਵਰਣਮਾਲਾ, ਸ਼ਬਦਲੋਕ ਪ੍ਰਕਾਸ਼ਨ, ਲੁਧਿਆਣਾ, 1992, ਪੰਨਾ-38-39

5. ਉਹੀ, ਲਫ਼ਜ਼ਾਂ ਦੀ ਦਰਗਾਹ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ-13

6. ਉਹੀ, ਪੰਨਾ-66

7. ਉਹੀ, ਪੰਨਾ-86

8. ਉਹੀ, ਸੁਰਜ਼ਮੀਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ-15

9. ਉਹੀ, ਚੰਨ ਸੂਰਜ ਦੀ ਵਹਿੰਗੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ-07

10. ਉਹੀ, ਅੱਗ ਦੇ ਕਲੀਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002, ਪੰਨਾ-05

11. ਉਹੀ, ਹੁਕਮੀ ਦੀ ਹਵੇਲੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ-06

12. ਉਹੀ, ਪੰਨਾ 24-25

13. ਉਹੀ, ਸ਼ਹਿਰ ਮੇਰੇ ਦੀ ਪਾਗਲ ਔਰਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2002, ਪੰਨਾ-05

14. ਉਹੀ, ਇੱਛਾਧਾਰੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ-26

15. ਉਹੀ, ਸੂਰਜ ਮੰਦਰ ਦੀਆਂ ਪੌੜੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ-08